# ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਨੇਂ ਸਮੁੰਦਰੀ ਤੂਫਾਨ ਨੂੰ ਸ਼ਾਂਤ ਕੀਤਾ




ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 48 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi



ਯਿਸੂ ਅਤੇ ਉਸਦੇ ਚੇਲੇ ਬੇੜੀ ਵਿੱਚ ਸਨ ਜਦ ਇੱਕ ਵੱਡਾ ਤੂਫਾਨ ਉੱਠ ਖੜਾ ਹੋਇਆ। ਉਸਨੇਂ ਗਲੀਲ ਦੇ ਸਮੁੰਦਰ ਵਿੱਚ ਕਹਿਰ ਭੜਕਾ ਦਿੱਤਾ।ਇਸ ਤਰ੍ਹਾਂ ਦੇ ਤੂਫਾਨਾਂ ਦੇ ਕਾਰਨ ਬੇੜੀਆਂ ਟੁੱਟ ਅਤੇ ਡੁੱਬ ਜਾਂਦੀਆਂ ਸਨ।

1

ਤੂਫਾਨ ਨੇਂ ਚੇਲਿਆਂ ਨੂੰ ਡਰਾ ਦਿੱਤਾ। ਲਹਿਰਾਂ ਨੇਂ ਬੇੜੀ ਨੂੰ ਢੱਕ ਲਿਆ, ਪਾਣੀ ਵਿੱਚ ਭਰ ਰਿਹਾ ਸੀਂ।



2

ਪਰ ਯਿਸੂ ਸਿਰਹਾਣਾ ਰੱਖ ਕੇ ਗੂੜ੍ਹੀ ਨੀਂਦ, ਤੂਫਾਨ ਵਿੱਚ ਵੀ ਸੋ ਰਿਹਾ ਸੀਂ। ਚੇਲਿਆਂ ਨੇਂ ਯਿਸੂ ਨੂੰ ਚੀਕ੍ਹ ਕੇ ਜਗਾਇਆ, “ਗੁਰੁ ਜੀ, ਗੁਰੁ ਜੀ, ਅਸੀਂ ਨਸ਼ਟ ਹੋ ਚੱਲੇਂ ਹਾਂ।”



3

ਯਿਸੂ ਨੇਂ ਆਪਣੇ ਚੇਲਿਆਂ ਨੂੰ ਪੁੱਛਿਆ, “ਹੇ ਥੋੜੀ ਪਰਤੀਤ ਵਾਲਿਓ, ਤੁਸੀਂ ਕਿਉਂ ਡਰ ਰਹੇ ਹੋ?” ਤਦ ਯਿਸੂ ਨੇਂ ਹਵਾ ਨੂੰ ਰੁਕਣ ਲਈ ਆਗਿਆ ਦਿੱਤੀ … ਅਤੇ … ਯਿਸੂ ਨੇਂ ਕੜਕ ਲਹਿਰਾਂ ਨੂੰ ਸ਼ਾਂਤ ਹੋਣ ਅਤੇ ਲੇਟਣ ਲਈ ਆਗਿਆ ਦਿੱਤੀ।



4

ਅਤੇ ਹਵਾ ਥੰਮ ਗਈ … ਅਤੇ ਸਮੁੰਦਰ ਸ਼ਾਂਤ ਹੋਇਆ ਅਤੇ ਟਿਕ ਗਿਆ। ਚੇਲੇ ਅਚੰਭੇ ਹੋ ਕੇ ਬੋਲੇ, “ਇਹ ਕੌਣ ਹੈ, ਕੀ ਹਵਾ ਅਤੇ ਸਮੁੰਦਰ ਵੀ ਉਸਦਾ ਕਹਿਣਾ ਮੰਨਦੇ ਹਨ!”



5

ਕੁਝ ਸਮੇਂ ਬਾਅਦ, ਯਿਸੂ ਨੇ ਇੱਕ ਹੋਰ ਵਿਅਸਥ ਦਿਨ ਬਿਤਾਇਆ। ਇੱਕ ਜੰਗਲੀ ਸਥਾਨ ਤੇ ਪੰਜ ਹਜ਼ਾਰ ਤੋਂ ਜਿਆਦਾ ਲੋਕ ਯਿਸੂ ਦੇ ਪਿੱਛੇ ਆਏ।



6

ਪਰਮੇਸ਼ਵਰ ਦੀ ਸਾਮਰਥ ਨਾਲ, ਯਿਸੂ ਨੇ ਇੱਕ ਲੜਕੇ ਦੇ ਦੁਪਹਿਰ ਦੇ ਭੋਜਨ ਨਾਲ ਸਾਰੀ ਭੀੜ੍ਹ ਨੂੰ ਖੁਆਇਆ। ਹੁਣ ਸ਼ਾਮ ਹੋ ਰਹੀ ਸੀ। ਯਿਸੂ ਨੇ ਸਾਰਿਆਂ ਨੂੰ ਦੂਰ ਭੇਜ ਦਿੱਤਾ।



7

ਇੱਥੋਂ ਤੱਕ ਚੇਲਿਆਂ ਨੇ ਵੀ ਜਾਣਾ ਸੀਂ। ਯਿਸੂ ਨੇ ਉਹਨਾਂ ਨੂੰ ਬੇੜੀ ਵਿੱਚ ਬੈਠਣ ਲਈ ਅਤੇ ਆਪਣੇ ਤੋਂ ਪਹਿਲਾਂ ਗਲੀਲ ਦੇ ਸਮੁੰਦਰ ਦੇ ਦੂਸਰੇ ਪਾਸੇ ਜਾਣ ਲਈ ਆਖਿਆ।



8



ਜਦ ਉਸਨੇਂ ਸਾਰਿਆਂ ਨੂੰ ਭੇਜ ਦਿੱਤਾ, ਯਿਸੂ ਪਹਾੜ ਉੱਤੇ ਪ੍ਰਾਥਨਾਂ ਕਰਨ ਲਈ ਗਿਆ।ਜਦ ਸ਼ਾਮ ਹੋਈ ਤਾਂ ਉਹ ਉੱਥੇ ਇਕੱਲਾ ਸੀਂ।

9



ਬਾਹਰ ਝੀਲ ਵਿੱਚ, ਚੇਲੇ ਹਨੇਰੀ ਵਿੱਚ ਫਸ ਗਏ। ਹਨੇਰੀ ਨੇ ਉਹਨਾਂ ਨੂੰ ਪਾਣੀ ਦੇ ਉਸ ਪਾਰ ਜਾਣ ਤੋਂ ਰੋਕ ਦਿੱਤਾ, ਭਾਂਵੇ ਉਹ ਘੰਟਿਆਂ ਤੋਂ ਰਫ਼ਤਾਰ ਵਿੱਚ ਸਨ।

10



ਚੇਲੇ ਇਹ ਨਹੀ ਜਾਣਦੇ ਸਨ, ਪਰ ਉਹ ਵੀ ਵੱਡੀ ਹੈਰਾਨੀ ਵਿੱਚ ਸਨ!

11



ਸਵੇਰ ਦੇ ਤਿੰਨ ਤੋਂ ਛੇ ਵਜੇ ਦੇ ਵਿਚਕਾਰ, ਸਮੁੰਦਰ ਦੇ ਵਿੱਚ ਵਗਦੀਆਂ ਹਵਾਵਾਂ ਦੌਰਾਨ, ਚੇਲਿਆਂ ਨੇ ਉਹ ਵੇਖਿਆ ਜਿਸ ਨੇ ਉਹਨਾਂ ਨੂੰ ਡਰ ਨਾਲ ਭਰ ਦਿੱਤਾ।

12



ਉਹ ਚਿਲਾਏ, “ਇਹ ਇੱਕ ਭੂਤ ਹੈ।” ਪਰ ਉਹ ਯਿਸੂ ਸੀ, ਉਹਨਾਂ ਦਾ ਪ੍ਰਭੂ ਅਤੇ ਗੁਰੂ, ਪਾਣੀ ਉੱਤੇ ਚੱਲ ਕੇ ਉਹਨਾਂ ਦੇ ਕੋਲ ਆ ਰਿਹਾ ਸੀ।

13

ਤੁਸੀ ਹੌਂਸਲਾ ਰੱਖੋ!” ਯਿਸੂ ਨੇ ਉਹਨਾਂ ਨੂੰ ਆਖਿਆ। “ਇਹ ਮੈਂ ਹਾਂ; ਨਾਂ ਡਰੋ।” ਪਤਰਸ ਨੇ ਉੱਤਰ ਦਿੱਤਾ, “ਗੁਰੂ ਜੀ, ਜੇਕਰ ਇਹ ਤੁਸੀ ਹੋ, ਮੈਨੂੰ ਵੀ ਪਾਣੀ ਉੱਤੇ ਚੱਲ ਕੇ ਤੁਹਾਡੇ ਕੋਲ ਆਉਣ ਦੀ ਆਗਿਆ ਦਿਓ।”



14

ਯਿਸੂ ਨੇ
ਆਖਿਆ,
“ਆ” ਬਹਾਦੁਰੀ
ਨਾਲ ਪਤਰਸ
ਬੇੜੀਓਂ ਪਾਣੀ
ਉੱਤੇ ਉੱਤਰ ਕੇ,
ਯਿਸੂ ਦੀ ਵੱਲ
ਤੁਰਨ ਲੱਗਾ।



15



ਪਰ ਜਦ ਉਸਨੇ
ਲਹਿਰਾਂ ਨੂੰ ਘੁਮਦੇ
ਵੇਖਿਆ, ਪਤਰਸ
ਡਰ ਗਿਆ, ਅਤੇ
ਡੁੱਬਣ ਲੱਗਾ। ਉਹ
ਚਿਲਾਇਆ,
“ਪ੍ਰਭੂ, ਮੈਨੂੰ
ਬਚਾ!”

16

ਤੁਰੰਤ ਹੀ, ਯਿਸੂ ਨੇ ਆਪਣਾ ਹੱਥ ਵਧਾਇਆ
ਅਤੇ ਪਤਰਸ ਨੂੰ ਫੜ ਲਿਆ। “ਹੇ ਥੋੜੀ ਪਰਤੀਤ
ਵਾਲਿਆ, ਤੂੰ ਕਿਉਂ ਸ਼ੱਕ ਕੀਤਾ?” ਉਸਨੇ
ਪੁੱਛਿਆ। ਅਤੇ ਜਦ ਪਤਰਸ ਅਤੇ ਪ੍ਰਭੂ ਯਿਸੂ
ਬੇੜੀ ਵਿੱਚ ਚਲੇ ਗਏ, ਤਾਂ ਹਵਾ ਰੁੱਕ ਗਈ।



17



ਤਦ ਉਹ ਜਿਹੜੇ ਬੇੜੀ ਵਿੱਚ
ਸਨ ਆਏ ਅਤੇ ਉਸਦੀ
ਅਰਾਧਨਾ ਕੀਤੀ, ਅਤੇ
ਆਖਿਆ, “ਸੱਚ ਮੁੱਚ ਤੁਸੀਂ
ਪਰਮੇਸ਼ਵਰ ਦੇ ਪੁੱਤਰ ਹੋ।”

18

ਯਿਸੂ ਨੇਂ ਸਮੁੰਦਰੀ ਤੂਫਾਨ ਨੂੰ ਸ਼ਾਂਤ ਕੀਤਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 8,
ਮੱਤੀ ਦੀ ਇੰਜੀਲ 14, ਮਰਕੁਸ ਦੀ ਇੰਜੀਲ 4,
ਲੂਕਾ ਦੀ ਇੰਜੀਲ 8

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼
ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜ਼ੁਰਮਾਨਾਂ
ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ
ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ
ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ।
ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ
ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ
ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।